Punjabi

**ਵੈਸਟ ਸੱਸੈਕਸ ਕਾਊਂਟੀ ਕਾਊਂਸਿਲ**

**ਚਿਲਡਰਨਜ਼ ਸਰਵਿਸਿਜ਼ (ਬੱਚਿਆਂ ਲਈ ਸੇਵਾਵਾਂ) ਲੈਣ ਬਾਰੇ ਜਾਣਕਾਰੀ**

# ਅਸੀਂ ਇਹ ਫ਼ੈਸਲਾ ਕਿਵੇਂ ਕਰਦੇ ਹਾਂ ਕਿ ਅਸੀਂ ਕਿਹਦੀ ਮਦਦ ਕਰੀਏ

## ਜਾਣ ਪਛਾਣ

ਇਸ ਪਰਚੇ ਵਿਚ ਦੱਸਿਆ ਗਿਆ ਹੈ ਕਿ ਅਸੀਂ (ਚਿਲਡਰਨਜ਼ ਸਰਵਿਸਿਜ਼) ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮਦਦ ਕਰਨ ਦਾ ਫ਼ੈਸਲਾ ਕਿਵੇਂ ਕਰਦੇ ਹਾਂ। ਤੁਹਾਡੇ ਨੇੜੇ ਦੇ ਸਾਡੇ ਦਫ਼ਤਰ ਵਿਚ ਹੋਰ ਪਰਚੇ ਵੀ ਮਿਲ ਸਕਦੇ ਹਨ ਜਿਹਨਾਂ ਵਿਚ ਇਸ ਸੇਵਾ ਦੇ ਵੱਖ ਵੱਖ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਹੋਈ ਹੈ। ਇਹਨਾਂ ਪਰਚਿਆਂ ਦੀ ਲਿਸਟ ਇਸ ਪਰਚੇ ਦੇ ਅਖ਼ੀਰ ਵਿਚ ਦਿੱਤੀ ਹੋਈ ਹੈ।

## ਅਸੀਂ ਇਹ ਫ਼ੈਸਲਾ ਕਿਵੇਂ ਕਰਦੇ ਹਾਂ ਕਿ ਅਸੀਂ ਕਿਸ ਢੰਗ ਨਾਲ ਮਦਦ ਕਰ ਸਕਦੇ ਹਾਂ

ਅਸੀਂ ਨਿਰਬਲ ਲੋਕਾਂ ਨੂੰ ਸਲਾਹ ਅਤੇ ਮਦਦ ਦਿੰਦੇ ਹਾਂ, ਤਾਕਿ ਉਹਨਾਂ ਦੀ ਹਿਫ਼ਾਜ਼ਤ ਹੋ ਸਕੇ ਅਤੇ ਉਹ ਜਿੱਥੋਂ ਤਕ ਹੋ ਸਕੇ ਵੱਧ ਤੋਂ ਵੱਧ ਸੁਤੰਤਰ ਢੰਗ ਨਾਲ ਜੀ ਸਕਣ।

ਸਾਨੂੰ ਇਸ ਗੱਲ ਦਾ ਵੀ ਖ਼ਾਸ ਖ਼ਿਆਲ ਰੱਖਣਾ ਪੈਂਦਾ ਹੈ ਕਿ ਅਸੀਂ ਸਭਨਾਂ ਨਾਲ ਨਿਆਂਪੂਰਣ ਸਲੂਕ ਕਰੀਏ ਅਤੇ ਜਿਹਨਾਂ ਨੂੰ ਮਦਦ ਦੀ ਸਭ ਤੋਂ ਵੱਧ ਲੋੜ ਹੈ ਉਹਨਾਂ ਨੂੰ ਮਦਦ ਮਿਲੇ। ਇਹਦਾ ਮਤਲਬ ਹੈ ਕਿ ਸਾਡੇ ਕੋਲ ਜਿਹੜੇ ਵਸੀਲੇ ਹਨ ਉਹਨਾਂ ਦੀ ਵੱਧ ਤੋਂ ਵੱਧ ਚੰਗੇ ਮੁਮਕਿਨ ਢੰਗ ਨਾਲ ਵਰਤੋਂ ਕੀਤੀ ਜਾਏ।

ਇਹ ਫ਼ੈਸਲਾ ਅਸੀਂ 'ਹੱਕਦਾਰ ਹੋਣ ਦੀਆਂ ਸ਼ਰਤਾਂ' (ਇਲਿਜੀਬਿਲਿਟੀ ਕ੍ਰਾਈਟੀਰੀਆ) ਨਾਲ ਕਰਦੇ ਹਾਂ।

## ਜਦ ਤੁਸੀਂ ਸਾਡੇ ਨਾਲ ਪਹਿਲੀ ਵਾਰ ਰਾਬਤਾ ਕਰੋਗੇ

ਜਦ ਤੁਸੀਂ ਸਾਡੇ ਨਾਲ ਸਭ ਤੋਂ ਪਹਿਲਾਂ ਰਾਬਤਾ ਕਰੋਗੇ, ਤਾਂ ਤੁਹਾਡੀ ਗੱਲ ਸਾਡੇ ਰਿਸੈਪਸ਼ਨ ਸਟਾਫ਼ ਨਾਲ ਹੋਏਗੀ। ਉਹ ਕੁਝ ਜਾਣਕਾਰੀ ਦੇ ਕੇ ਤੁਹਾਡੀ ਮਦਦ ਕਰ ਸਕਦੇ ਹਨ, ਪਰ ਜੇ ਤੁਹਾਨੂੰ ਹੋਰ ਮਦਦ ਜਾਂ ਸਲਾਹ ਚਾਹੀਦੀ ਹੋਵੇ, ਤਾਂ ਤੁਸੀਂ ਆਪਣੇ ਨੇੜੇ ਦੇ ਸਾਡੇ ਦਫ਼ਤਰ ਵਿਚ ਚਿਲਡਰਨਜ਼ ਹੈਲਪ ਡੈਸਕ ਐਡਵਾਈਜ਼ਰ ਨਾਲ ਗੱਲ ਕਰੋਗੇ। ਲੋੜ ਪੈਣ 'ਤੇ, ਉਹ ਤੁਹਾਡੀਆਂ ਲੋੜਾਂ ਬਾਰੇ ਜਾਂ ਜਿਸ ਬੱਚੇ ਜਾਂ ਬੱਚਿਆਂ ਬਾਰੇ ਤੁਹਾਨੂੰ ਚਿੰਤਾ ਹੈ ਉਹਦੀਆਂ ਲੋੜਾਂ ਬਾਰੇ ਜਾਣਕਾਰੀ ਮੰਗਣਗੇ।

ਇਹ ਜ਼ਰੂਰੀ ਹੈ ਕਿ ਤੁਸੀਂ ਵੱਧ ਤੋਂ ਵੱਧ ਜਿੰਨੀ ਜਾਣਕਾਰੀ ਦੇ ਸਕਦੇ ਹੋ, ਉਹ ਜਾਣਕਾਰੀ ਸਾਡੇ ਕੋਲ ਹੋਵੇ ਜਿਹਦੇ ਨਾਲ ਸਾਨੂੰ ਚੰਗੇ ਤੋਂ ਚੰਗੇ ਫ਼ੈਸਲੇ ਕਰਨ ਵਿਚ ਮਦਦ ਮਿਲੇ। ਜੇ ਅਸੀਂ ਖ਼ੁਦ ਤੁਹਾਡੀ ਮਦਦ ਨਾ ਕਰ ਸਕੇ, ਤਾਂ ਅਸੀਂ ਤੁਹਾਡਾ ਰਾਬਤਾ ਕਿਸੇ ਅਜਿਹੀ ਸੰਸਥਾ ਨਾਲ ਕਰਵਾਵਾਂਗੇ ਜੋ ਮਦਦ ਕਰ ਸਕਦੀ ਹੈ।

## ਵਿਚਾਰ ਪੇਸ਼ ਕਰਨਾ, ਪ੍ਰਸੰਸਾ ਕਰਨਾ ਅਤੇ ਸ਼ਿਕਾਇਤ ਕਰਨਾ

ਜੇ ਸਾਡੀਆਂ ਸੇਵਾਵਾਂ ਤੁਹਾਨੂੰ ਮਦਦਗਾਰ ਜਾਪੀਆਂ ਹਨ, ਜਾਂ ਅਸੀਂ ਇਹਨਾਂ ਵਿਚ ਸੁਧਾਰ ਕਰ ਸਕਦੇ ਹਾਂ, ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਜੇ ਤੁਸੀਂ ਆਪਣੇ ਹਾਲਾਤ ਤੋਂ ਖ਼ੁਸ਼ ਨਹੀਂ, ਜਾਂ ਤੁਹਾਨੂੰ ਕੋਈ ਚਿੰਤਾ ਹੈ, ਤਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰੋ ਜੋ ਤੁਹਾਡੀ ਮਦਦ ਕਰ ਸਕੇ। ਚਿਲਡਰਨਜ਼ ਸਰਵਿਸਿਜ਼ ਵਿਚ ਤੁਸੀਂ ਜਿਸ ਵਿਅਕਤੀ ਨਾਲ ਗੱਲ ਕੀਤੀ ਹੈ, ਉਹ ਜਾਂ ਉਹਦਾ ਮੈਨੇਜਰ ਤੁਹਾਡੀ ਮਦਦ ਕਰ ਸਕਣਗੇ। ਜੇ ਅਸੀਂ ਤੁਹਾਡੀ ਮੁਸ਼ਕਿਲ ਨੂੰ ਆਪਣੇ ਲੋਕਲ ਦਫ਼ਤਰ ਵਿਚ ਦੂਰ ਨਾ ਕਰ ਸਕੀਏ, ਤਾਂ ਸਾਡਾ ਸ਼ਿਕਾਇਤ ਕਰਨ ਦਾ ਢੰਗ ਵੀ ਹੈ। ਇਹਦੇ ਬਾਰੇ ਪਰਚੇ ਸਾਡੇ ਲੋਕਲ ਦਫ਼ਤਰਾਂ ਵਿਚੋਂ ਮਿਲ ਸਕਦੇ ਹਨ।

## ਬੱਚਿਆਂ ਲਈ ਸੇਵਾਵਾਂ ਦੇਣ ਬਾਰੇ ਸਾਡੇ ਨਿਯਮ

### ਖ਼ਤਰੇ ਵਿਚ (ਐਟ ਰਿਸਕ)

ਕਿਸੇ ਬੱਚੇ ਨੂੰ 'ਖ਼ਤਰੇ ਵਿਚ' ਮੰਨਿਆ ਜਾਂਦਾ ਹੈ, ਜੇ:

- ਉਹਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ, ਜਾਂ ਨੁਕਸਾਨ ਪਹੁੰਚਣ ਦਾ ਖ਼ਤਰਾ ਹੈ, ਜਾਂ ਉਹਦੀ ਸੁਰੱਖਿਆ ਬਾਰੇ ਗੰਭੀਰ ਚਿੰਤਾ ਹੈ; ਜਾਂ

- ਉਹਦੀਆਂ ਉੱਚੇ ਪੱਧਰ ਦੀਆਂ ਜਾਂ ਪੇਚੀਦਾ ਲੋੜਾਂ ਹਨ ਜਿਹਨਾਂ ਬਾਰੇ ਹੋਰਨਾਂ, ਜਿਵੇਂ ਹੈਲਥ ਸਰਵਿਸਿਜ਼, ਨਾਲ ਮਿਲ ਕੇ ਤੁਰੰਤ ਜਾਂਚ ਪੜਤਾਲ ਕਰਨ ਦੀ ਲੋੜ ਹੈ।

ਅਜਿਹੀ ਹਲਾਤ ਵਿਚ, ਅਸੀਂ 24 ਘੰਟਿਆਂ ਦੇ ਅੰਦਰ ਜਵਾਬ ਦਿਆਂਗੇ। ਜੇ ਅਸੀਂ ਇਹ ਸਮਝਦੇ ਹੋਈਏ ਕਿ ਬੱਚੇ ਨੂੰ ਖ਼ਤਰਾ ਹੈ ਜਾਂ ਹੋ ਸਕਦਾ ਹੈ, ਤਾਂ ਅਸੀਂ ਬੱਚੇ ਨੂੰ ਯਕੀਨੀ ਤੌਰ ’ਤੇ ਸੁਰੱਖਿਅਤ ਬਣਾਵਾਂਗੇ।

ਜੇ ਤੁਹਾਨੂੰ ਚਿੰਤਾ ਹੈ ਕਿ ਕਿਸੇ ਬੱਚੇ ਨਾਲ ਬਦਸਲੂਕੀ ਹੁੰਦੀ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਸਾਡੇ ਦਫ਼ਤਰਾਂ ਦੀ ਲਿਸਟ ਇਸ ਪਰਚੇ ਦੇ ਅਖ਼ੀਰ ਵਿਚ ਦਿੱਤੀ ਹੋਈ ਹੈ, ਜਾਂ ਦਫ਼ਤਰ ਦੇ ਸਮੇਂ ਤੋਂ ਪਹਿਲਾਂ ਅਤੇ ਮਗਰੋਂ ਤੁਸੀਂ ਸਾਨੂੰ ਨੰਬਰ 01903 694422 ’ਤੇ ਫ਼ੋਨ ਕਰ ਸਕਦੇ ਹੋ।

ਜੇ ਤੁਹਾਨੂੰ ਕਿਸੇ ਬੱਚੇ ਦੀ ਫ਼ੌਰਨ ਸੁਰੱਖਿਆ ਬਾਰੇ ਚਿੰਤਾ ਹੈ, ਜਾਂ ਬੱਚੇ ਨੂੰ ਗੰਭੀਰ ਸੱਟ ਚੋਟ ਲੱਗੀ ਹੈ, ਤਾਂ ਕਿਰਪਾ ਕਰਕੇ ਐਮਰਜੈਂਸੀ ਸਰਵਿਸਿਜ਼ ਨੂੰ ਨੰਬਰ 999 ’ਤੇ ਫ਼ੋਨ ਕਰਕੇ ਪੁਲਿਸ ਜਾਂ ਐਂਬੂਲੈਂਸ ਨੂੰ ਬੁਲਾਓ। ਹੋਰ ਜਾਣਕਾਰੀ ਤੁਸੀਂ ਸਾਨੂੰ ਬਾਅਦ ਵਿਚ ਦੇ ਸਕਦੇ ਹੋ।

## ਲੋੜਵੰਦ (ਇਨ ਨੀਡ)

ਕਿਸੇ ਬੱਚੇ ਨੂੰ ‘ਲੋੜਵੰਦ’ ਤਦ ਸਮਝਿਆ ਜਾਂਦਾ ਹੈ, ਜੇ:

- ਉਹਦੇ ਵੱਡੇ ਹੋਣ ਵਿਚ ਮਦਦ ਦੇਣ ਲਈ ਉਹਨੂੰ ਵਾਧੂ ਸੇਵਾਵਾਂ ਦੀ ਲੋੜ ਹੈ;
- ਇਹਨਾਂ ਸੇਵਾਵਾਂ ਤੋਂ ਬਿਨਾਂ ਉਹਦੀ ਸਿਹਤ ਠੀਕ ਨਹੀਂ ਰਹਿ ਸਕਦੀ ਅਤੇ ਉਹ ਸਹੀ ਢੰਗ ਨਾਲ ਵੱਡਾ ਨਹੀਂ ਹੋ ਸਕਦਾ; ਜਾਂ
- ਉਹ ਨਿਰਯੋਗ ਹੈ।

ਅਸੀਂ ਤੁਹਾਡੇ ਨਾਲ ਰਾਬਤਾ ਕਰਾਂਗੇ। ਇਹ ਰਾਬਤਾ ਹਾਲਾਤ ਅਨੁਸਾਰ ਕੰਮ ਕਾਜ ਦੇ ਸੱਤ ਦਿਨਾਂ ਵਿਚ ਕੀਤਾ ਜਾ ਸਕਦਾ ਹੈ।

## ਬਹੁਤ ਜ਼ਿਆਦਾ ਖ਼ਤਰੇ ਵਿਚ (ਵਲਨਿਰੇਬਲ)

ਕਿਸੇ ਬੱਚੇ ਨੂੰ ‘ਬਹੁਤ ਜ਼ਿਆਦਾ ਖ਼ਤਰੇ ਵਿਚ’ ਤਦ ਸਮਝਿਆ ਜਾਂਦਾ ਹੈ, ਜੇ:

- ਉਹਦੇ ਵਿਚ ਕੋਈ ਘਾਟ ਹੈ ਅਤੇ ਵਾਧੂ ਮਦਦ ਮਿਲਣ ਨਾਲ ਉਹਦੇ ਜੀਉਂਦੇ ਰਹਿਣ ਦੀ ਸੰਭਾਵਨਾ ਵਧ ਸਕਦੀ ਹੈ, ਜਿਵੇਂ ਕਿ ਜਿਹਨੂੰ ਜਜ਼ਬਾਤੀ ਜਾਂ ਵਤੀਰੇ ਸੰਬੰਧੀ ਮੁਸ਼ਕਿਲਾਂ ਆ ਰਹੀਆਂ ਹਨ ਜਾਂ ਜਿਹਦੀ ਸਿਹਤ ਵਿਚ ਖ਼ਰਾਬੀਆਂ ਹਨ।

ਇਸ ਹਾਲਤ ਵਿਚ, ਚਿਲਡਰਨਜ਼ ਐਂਡ ਯੰਗ ਪੀਪਲਜ਼ ਸਰਵਿਸ ਵਿਚੋਂ ਲੋਕਾਂ ਦੀ ਕੋਈ ਟੀਮ ਜਾਂ ਹੈਲਥ ਵਰਗੀਆਂ ਹੋਰ ਸੰਸਥਾਵਾਂ ਦੀ ਕੋਈ ਟੀਮ ਮਦਦ ਕਰੇਗੀ।

ਲੋੜ ਪੈਣ 'ਤੇ ਅਸੀਂ ਤੁਹਾਡੇ ਹਾਲਾਤ ਬਾਰੇ ਹੋਰ ਜ਼ਿਆਦਾ ਵਿਚਾਰ ਕਰ ਸਕਦੇ ਹਾਂ।

## ਸਰਬ ਸਾਂਝੀਆਂ (ਯੂਨੀਵਰਸਲ) ਲੋੜਾਂ

ਕਿਸੇ ਬੱਚੇ ਦੀਆਂ ਲੋੜਾਂ ਨੂੰ 'ਸਰਬ ਸਾਂਝੀਆਂ' ਲੋੜਾਂ ਸਮਝਿਆ ਜਾਂਦਾ ਹੈ ਜੇ:

- ਉਹਦੀ ਸਿਹਤ ਜਾਂ ਸੁਰੱਖਿਆ ਦੀਆਂ ਲੋੜਾਂ ਅਜਿਹੀਆਂ ਹੋਣ ਜਿਹੜੀਆਂ ਕਮਿਉਨਿਟੀ ਵਿਚ ਪੂਰੀਆਂ ਹੋ ਸਕਦੀਆਂ ਹਨ।

ਇਸ ਹਾਲਤ ਵਿਚ, ਅਸੀਂ ਸਲਾਹ ਅਤੇ ਜਾਣਕਾਰੀ ਦਿਆਂਗੇ ਜਾਂ ਮਦਦ ਦੇ ਸਕਣ ਵਾਲੀਆਂ ਹੋਰ ਸੇਵਾਵਾਂ ਬਾਰੇ ਦੱਸਾਂਗੇ।

## ਹੋਰ ਜਾਣਕਾਰੀ

ਅਸੀਂ ਜਾਣਕਾਰੀ ਦੇਣ ਵਾਲੇ ਹੋਰ ਪਰਚੇ ਵੀ ਤਿਆਰ ਕੀਤੇ ਹਨ, ਜਿਹਨਾਂ ਵਿਚੋਂ ਕੁਝ ਪਰਚੇ ਬਾਲਗ਼ ਅਤੇ ਨੌਜਵਾਨ ਦੇਖਭਾਲ ਕਰਨ ਵਾਲਿਆਂ ਲਈ ਹਨ ਜੋ ਇਹ ਜਾਨਣਾ ਚਾਹੁੰਦੇ ਹਨ ਕਿ ਉਹ ਕੋਈ ਸੇਵਾ ਲੈਣ ਦੇ ਹੱਕਦਾਰ ਹਨ।

ਹੇਠ ਲਿਖੇ ਪਰਚਿਆਂ ਵਿਚ ਦੱਸਿਆ ਗਿਆ ਹੈ ਕਿ ਅਸੀਂ ਕੀ ਕਰਦੇ ਹਾਂ, ਸਾਡੇ ਨਾਲ ਰਾਬਤਾ ਕਿਵੇਂ ਕੀਤਾ ਜਾ ਸਕਦਾ ਹੈ, ਤੁਸੀਂ ਸਾਥੋਂ ਕੀ ਆਸ ਰੱਖ ਸਕਦੇ ਹੋ, ਅਤੇ ਲੋੜਾਂ ਦਾ ਹਿਸਾਬ ਲਾਉਣਾ ਕਿਹਨੂੰ ਆਖਦੇ ਹਨ।

- How we decide who to help (ਅਸੀਂ ਇਹ ਫ਼ੈਸਲਾ ਕਿਵੇਂ ਕਰਦੇ ਹਾਂ ਕਿ ਅਸੀਂ ਕਿਹਦੀ ਮਦਦ ਕਰਨੀ ਹੈ) - ਬਾਲਗ਼ਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਲੈਣ ਬਾਰੇ ਜਾਣਕਾਰੀ।

- Looking after someone (ਕਿਸੇ ਦੀ ਦੇਖਭਾਲ ਕਰਨਾ) - ਦੇਖਭਾਲ ਕਰਨ ਵਾਲਿਆਂ ਦੀਆਂ ਲੋੜਾਂ ਦਾ ਹਿਸਾਬ ਲਾਉਣ ਬਾਰੇ ਜਾਣਕਾਰੀ।
- How can we help? (ਅਸੀਂ ਕਿਵੇਂ ਮਦਦ ਕਰ ਸਕਦੇ ਹਾਂ?)
- A guide to assessments for adults (ਬਾਲਗ਼ ਲੋਕਾਂ ਦੀਆਂ ਲੋੜਾਂ ਦਾ ਹਿਸਾਬ ਲਾਉਣ ਬਾਰੇ ਜਾਣਕਾਰੀ)
- A guide to assessments for children, young people and families (ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦੀਆਂ ਲੋੜਾਂ ਦਾ ਹਿਸਾਬ ਲਾਉਣ ਬਾਰੇ ਜਾਣਕਾਰੀ)

ਜੇ ਤੁਹਾਨੂੰ ਕਿਸੇ ਪਰਚੇ ਦੀ ਕਾਪੀ ਚਾਹੀਦੀ ਹੈ, ਤਾਂ ਆਪਣੇ ਨੇੜੇ ਦੇ ਦਫ਼ਤਰ ਨਾਲ ਗੱਲ ਕਰੋ।

## ਹੋਰ ਕੌਣ ਮਦਦ ਕਰ ਸਕਦਾ ਹੈ?

ਹੋ ਸਕਦਾ ਹੈ ਕਿ ਤੁਹਾਡੀ ਮਦਦ ਕਰਨ ਲਈ ਅਸੀਂ ਸਭ ਤੋਂ ਵੱਧ ਯੋਗ ਨਾ ਹੋਈਏ, ਪਰ ਅਸੀਂ ਤੁਹਾਨੂੰ ਦੱਸਾਂਗੇ ਕਿ ਤੁਹਾਨੂੰ ਮਦਦ ਕਿਹਤੋਂ ਮਿਲ ਸਕਦੀ ਹੈ।

ਜੇ ਤੁਸੀਂ ਆਪਣੇ ਇਲਾਕੇ ਵਿਚ ਮਿਲਣ ਵਾਲੀਆਂ ਹੋਰ ਸੇਵਾਵਾਂ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਸਾਡੀ ਸਲਾਹ ਹੈ ਕਿ ਤੁਸੀਂ ਆਈ ਸੀ ਆਈ ਐੱਸ (ਇਨਫ਼ਰਮੇਸ਼ਨ ਫ਼ੱਾਰ ਲਾਈਫ਼) ਨਾਲ ਰਾਬਤਾ ਕਰੋ। ਇਹ ਵਾਲੰਟਰੀ ਸੰਸਥਾ ਹੈ ਜੋ ਵੈਸਟ ਸੱਸੈਕਸ ਵਿਚ ਮਿਲਣ ਵਾਲੀਆਂ ਦੇਖਭਾਲ, ਸੰਭਾਲ, ਮਦਦ ਅਤੇ ਸਲਾਹ ਦੇਣ ਦੀਆਂ ਸੇਵਾਵਾਂ ਬਾਰੇ ਮੁਫ਼ਤ, ਗੁਪਤ ਅਤੇ ਨਿਰਪੱਖ ਜਾਣਕਾਰੀ ਦਿੰਦੇ ਹਨ।

- ਫ਼੍ਰੀਫ਼ੋਨ: 0800 859 929 (ਵੌਇਸ ਅਤੇ ਟੈਕਸਟ)
- ਫ਼ੈਕਸ: 01903 777601
- ਈਮੇਲ: enquiries@icis-info4life.org.uk

## ਹੋਰ ਰੂਪਾਂ ਵਿਚ

ਜੇ ਇਹ ਪਰਚਾ ਤੁਹਾਨੂੰ ਕਿਸੇ ਹੋਰ ਰੂਪ ਵਿਚ ਚਾਹੀਦਾ ਹੈ, ਜਿਵੇਂ ਕਿ ਆਡੀਓ ਟੇਪ 'ਤੇ, ਜਾਂ ਤੁਸੀਂ ਇਸ ਜਾਣਕਾਰੀ ਦਾ ਕਿਸੇ ਹੋਰ ਭਾਸ਼ਾ ਵਿਚ ਤਜਰਮਾ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਹਨਾਂ ਨਾਲ ਰਾਬਤਾ ਕਰੋ:

Communications Manager
County Hall
Chichester PO19 1QT
ਫ਼ੋਨ: 01243 777415

ਫ਼ੈਕਸ: 01243 777679

ਟੈਕਸਟਫ਼ੋਨ: 01243 777681

ਈਮੇਲ: socialandcaring.services@westsussex.gov.uk

**ਅਡੁਰ ਆਫ਼ਿਸ**

- Glebelands, Middle Road, **Shoreham-by-Sea**, BN43 6GA
  ਫ਼ੋਨ: 01273 268800 ਫ਼ੈਕਸ: 01273 268801

**ਅਰੁਨ ਆਫ਼ਿਸਜ਼**

- Durban House, Durban Road, **Bognor Regis**, PO22 9RE
  ਫ਼ੋਨ: 01243 642400 ਫ਼ੈਕਸ: 01243 642437
- 44 High Street, **Littlehampton**, BN17 5ED
  ਫ਼ੋਨ: 01903 738900 ਫ਼ੈਕਸ: 01903 738989

**ਚਿਚੈਸਟਰ ਆਫ਼ਿਸਜ਼**

- 1a East Row, **Chichester**, PO19 1PD
  ਫ਼ੋਨ: 01243 752999 ਫ਼ੈਕਸ: 01243 752644
- Whiphill Farmhouse, Lamberts Lane, **Midhurst**, GU29 9DZ
  ਫ਼ੋਨ: 01243 752999 ਫ਼ੈਕਸ: 01243 752644

**ਕ੍ਰਾਅਲੀ ਆਫ਼ਿਸ**

- Centenary House, County Buildings, Woodfield Road, **Crawley**, RH10 8GN
  ਫ਼ੋਨ: 01293 895100 ਫ਼ੈਕਸ: 01293 895114

## ਹੋਰਸ਼ਮ ਆਫ਼ਿਸਿਜ਼

- Talbot House, 20-22 East Street, **Horsham**, RH12 1HL
  ਫ਼ੋਨ: 01403 213100   ਫ਼ੈਕਸ: 01403 213125
- 26 West Street, **Storrington**, RH20 4EE
  ਫ਼ੋਨ: 01403 213100   ਫ਼ੈਕਸ: 01403 213125

## ਮਿਡ ਸਸੈਕਸ ਆਫ਼ਿਸ

- Oaklands, Oaklands Road, **Haywards Heath**, RH16 1SU
  ਫ਼ੋਨ: 01444 446100   ਫ਼ੈਕਸ: 01444 446144

## ਵਰਦਿੰਗ ਆਫ਼ਿਸ

- Centenary House, Durrington Lane, **Worthing**, BN13 2QB
  ਫ਼ੋਨ: 01903 839100   ਫ਼ੈਕਸ: 01903 839248

## ਚਾਈਲਡ ਡਿਸਏਬਿਲਿਟੀ ਟੀਮਾਂ

- **South.** Queensway House, Queensway, Bognor Regis, PO21 1QT
  ਫ਼ੋਨ: 01243 852940   ਫ਼ੈਕਸ: 01243 852978
- **North.** Horsham Court, 6 Brighton Road, Horsham, RH13 5BB
  ਫ਼ੋਨ: 01403 246450   ਫ਼ੈਕਸ: 01403 246451

www.westsussex.gov.uk

CS 1